بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 18.08.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਮਨੁੱਖ ਦੇ ਅੰਦਰੋਂ ਆਪੇ (ਹਉਮੈ) ਦਾ ਕੀੜਾ ਰੱਬ ਦੀ ਮਿਹਰ ਤੋਂ ਬਿਨਾ ਨਹੀਂ ਨਿਕਲ ਸਕਦਾ ਅਤੇ ਰੱਬ ਦੀ ਮਿਹਰ ਬਿਨਾ ਸੱਚੀ ਤੌਹੀਦ ਉਪੱਰ ਕਾਇਮ ਹੋਇਆਂ ਨਹੀਂ ਮਿਲਦੀ

-----------------------

ਜੋ ਆਪਣੇ ਭਰਾਵਾਂ ਦੇ ਹੱਕ ਨਹੀਂ ਦਿੰਦਾ ਜੋ ਮਿਤੱਰਤਾ ਵੱਲ ਪੈਰ੍ਹ ਨਹੀ ਪੁਟੱਦਾ ਜੋ ਵੈਰ ਵਿਰੋਧ ਖ਼ਤਮ ਨਹੀਂ ਕਰਦਾ ਉਹ ਤੌਹੀਦ (ਇਕ ਈਸ਼ਵਰਵਾਦ) ਦਾ ਵੀ ਕਾਇਲ ਨਹੀਂ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 18 ਅਗਸਤ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਅਹਿ ਸਲਾਮ ਆਪਣੀ ਕਿਤਾਬ 'ਕਿਸ਼ਤੀ ਏ ਨੂਹ' ਵਿੱਚ ਫ਼ਰਮਾਉਂਦੇ ਹਨ ਕਿ 'ਰੱਬ ਚਾਹੁੰਦਾ ਹੈ ਕਿ ਤੁਹਾਡੇ ਵੁਜੂਦ ਵਿੱਚ ਪੂਰਾ ਪੂਰਾ ਇਨਕਲਾਬ ਆਵੇ ਅਤੇ ਉਹ ਤੁਹਾਥੋਂ ਇਕ ਮੌਤ ਮੰਗਦਾ ਹੈ ਜਿਸ ਦੇ ਬਾਦ ਉਹ ਤੁਹਾਨੂੰ ਜੀਉਂਦਿਆਂ ਕਰੇਗਾ । ਫ਼ਰਮਾਇਆ : ਤੁਸੀਂ ਆਪੋ ਵਿੱਚ ਛੇਤੀ ਮਿਤੱਰਤਾ ਕਰੋ ਅਤੇ ਆਪਣੇ ਭਰਾਵਾਂ ਦੇ ਗੁਨਾਹ ਬਖਸ਼ੋ ਕਿਉਂਕਿ ਸ਼ਰਾਰਤੀ ਹੈ ਉਹ ਮਨੁੱਖ ਜੋ ਆਪਣੇ ਭਾਈ ਨਾਲ ਮਿਤੱਰਤਾ 'ਤੇ ਰਾਜ਼ੀ ਨਹੀਂ, ਉਹ ਕੱਟਿਆ ਜਾਵੇਗਾ ਕਿਉਂਕਿ ਉਹ ਫੁੱਟ ਪਾਉਂਦਾ ਹੈ । ਫ਼ਰਮਾਇਆ ਕਿ ਤੁਸੀਂ ਆਪਣੇ ਆਪੇ (ਹਉਮੈ) ਨੂੰ ਹਰ ਇਕ ਪੱਖੋਂ ਛੱਡ ਦਿਓ ਅਤੇ ਆਪਸੀ ਨਰਾਜ਼ਗੀਆਂ ਜਾਣ ਦਿਓ ਅਤੇ ਸੱਚੇ ਹੋਕੇ ਝੂਠਿਆਂ ਵਾਂਗ ਹੀਨਤਾ ਧਾਰਨ ਕਰੋ ਤਾਂ ਜੋ ਤੁਸੀਂ ਬਖ਼ਸ਼ੇ ਜਾਓ । ਫ਼ਰਮਾਉਂਦੇ ਹਨ ਕਿ ਆਪੇ (ਹਉਮੈ) ਦਾ ਭਾਰ ਛੱਡ ਦਿਓ, ਜਿਸ ਮਾਰਗ ਰਾਹੀਂ ਤੁਸੀਂ ਬੁਲਾਏ ਗਏ ਹੋ ਉਸ ਮਾਰਗ ਵਿੱਚੋਂ ਭਰਾ ਮਨੁੱਖ ਦਾਖ਼ਲ ਨਹੀਂ ਹੋ ਸਕਦਾ । ਤੁਹਾਡੇ ਵਿੱਚੋਂ ਬਹੁਤੀ ਵੱਡਿਆਈ ਵਾਲਾ ਉਹੋ ਹੈ ਜੋ ਆਪਣੇ ਭਾਈ ਦੇ ਬਹੁਤੇ ਗੁਨਾਹ ਬਖ਼ਸ਼ਦਾ ਹੈ ।' ਇਹ ਕਥਨ ਵੱਖ ਵੱਖ ਭਾਸ਼ਣਾ ਵਿੱਚ ਉਪਦੇਸ਼ਾਂ

ਵਿੱਚ ਅਧਿਕਤਰ ਜਮਾਤ ਦੇ ਲੋਕਾਂ ਸਾਹਮਣੇ ਪੇਸ਼ ਕੀਤਾ ਜਾਂਦਾ ਹੈ ਅਤੇ ਸੱਚੇ ਹੋਕੇ ਝੂਠਿਆਂ ਵਾਂਗ ਹੀਨਤਾ ਧਾਰਨ ਕਰਨ ਦਾ ਵਾਕ ਤਾਂ ਅਜਿਹਾ ਹੈ ਜੋ ਬਹੁਤੇ ਅਹਮਦੀ ਇਸ ਦਾ ਹਵਾਲਾ ਪੇਸ਼ ਕਰਦੇ ਹਨ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਬੀਤੇ ਜੁਮਏ ਵਿੱਚ ਮੈਂ ਕਜ਼ਾ ਅਤੇ ਝਗੜਿਆਂ ਦੇ ਮੁਕੱਦਮਿਆਂ ਦਾ ਹਵਾਲੇ ਨਾਲ ਕੁਝ ਕੁ ਗਲੱਾਂ ਕੀਤੀਆਂ ਸਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਹ ਸ਼ਬਦ ਜਿੰਨ੍ਹਾਂ ਨੂੰ ਆਪ ਅਲੈਹਿ ਸਲਾਮ ਨੇ ਆਪਣੀ ਸਿੱਖਿਆ ਵਿੱਚ ਸ਼ਾਮਲ ਕੀਤਾ ਹੈ ਇਹ ਆਪ ਦੀ ਆਪਣੇ ਮੰਨ੍ਹਣ ਵਾਲਿਆਂ ਤੋਂ ਆਸਾਂ ਅਤੇ ਉਹਨਾਂ ਲਈ ਆਪ ਦੇ ਮਨ ਦੀ ਅਵਸਥਾ ਦਾ ਪ੍ਰਗਟਾਵਾ ਹੈ । ਮਨੁੱਖ ਜੱਦ 'ਕਿਸ਼ਤੀ ਏ ਨੂਹ' ਵਿੱਚ ਸਿੱਖਿਆ ਦੇ ਇਸ ਪੂਰੇ ਹਿੱਸੇ ਨੂੰ ਪੜ੍ਹਦਾ ਹੈ ਤਾਂ ਸਾਰੇ ਦਾ ਸਾਰਾ ਹਿਲ ਜਾਂਦਾ ਹੈ, ਪਰ ਫਿਰ ਵੀ ਕੁਝ ਲੋਕ ਸਾਡੇ ਵਿੱਚੋਂ ਅਜਿਹੇ ਹਨ ਜੋ ਖਿਮਾ ਕਰਨ ਤੇ ਮਿਤੱਰਤਾ ਲਈ ਅੱਗੇ ਵਧੇ ਹੱਥ ਨੂੰ ਪਰਵਾਨ ਕਰਨ ਲਈ ਤਿਆਰ ਨਹੀਂ ਹੁੰਦੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਫ਼ਰਮਾਇਆ ਕਿ ਉਹ ਕੱਟਿਆ ਜਾਵੇਗਾ ਅਤੇ ਫਿਰ ਅੱਗੇ ਇਹ ਵੀ ਫ਼ਰਮਾਇਆ ਕਿ ਬਦਬਖ਼ਤ ਹੈ ਉਹ ਜੋ ਹੱਠ ਕਰਦਾ ਹੈ ਅਤੇ ਨਹੀਂ ਬਖ਼ਸ਼ਦਾ । ਸੋ, ਉਹ ਲੋਕ ਜੋ ਹੱਠ ਕਰਦੇ ਹਨ ਉਹਨਾਂ ਲਈ ਬਹੁਤ ਮੌਫ਼ ਦਾ ਅਸਥਾਨ ਹੈ, ਉਹਨਾਂ ਨੂੰ ਹੋਸ਼ ਕਰਨੀ ਚਾਹੀਦੀ ਹੈ । ਇਕ ਪਾਸੇ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਣਕੇ ਇਹ ਅਹਿਦ (ਪ੍ਰਣ) ਕਰਦੇ ਹਨ ਕਿ ਅਸੀਂ ਫ਼ਸਾਦ ਨਹੀਂ ਕਰਾਂਗੇ ਹਉਮੈ ਦੀਆਂ ਭਾਵਨਵਾ ਵਿੱਚ ਵਗੱਣ ਤੋਂ ਬਚਾਂਗੇ ਅਤੇ ਦੂਜੇ ਪਾਸੇ ਮਿੱਤਰਤਾ ਤੋਂ ਵੀ ਗੁਰੇਜ਼ ਕਰਦੇ ਹਨ ਤਾਂ ਫਿਰ ਇਹ ਬੈਅਤ ਦੇ ਅਹਿਦ (ਪ੍ਰਣ) ਤੋਂ ਦੂਰੀ ਹੈ, ਬੈਅਤ ਨੂੰ ਨਿਭਾਉਣਾ ਨਹੀਂ ਹੈ । ਆਪ ਅਲੈਹਿ ਸਲਾਮ ਨੇ ਇਕ ਮੌਕੇ ਫ਼ਰਮਾਇਆ ਕਿ ਸਾਡੀ ਜਮਾਤ ਨੂੰ ਅਜਿਹਾ ਹੋਣਾ ਚਾਹੀਦਾ ਹੈ ਕਿ ਨਿਰੇ ਸ਼ਬਦਾਂ ਉਪੱਰ ਨ ਰਹੇ ।

ਆਪ ਅਲੈਹਿ ਸਲਾਮ ਨੇ ਬਹੁਤ ਸਪਸ਼ਟ ਸ਼ਬਦਾਂ ਵਿੱਚ ਫ਼ਰਮਾਇਆ ਕਿ ਬੈਅਤ ਦੇ ਉਦੇਸ਼ਿਆਂ ਨੂੰ ਪੂਰਾ ਕੀਤੇ ਬਿਨਾਂ ਰੱ ਬ ਰਾਜ਼ੀ ਨਹੀਂ ਹੋ ਸਕਦਾ ਅਤੇ ਰੱਬ ਨੂੰ ਖ਼ੁਸ਼ ਕਰਨ ਲਈ ਰੱਬ ਦੇ ਬੰਦਿਆਂ ਦੇ ਹੱਕ ਪੂਰੇ ਕਰਨਾ ਤੇ ਸੁਲਾਹ ਸਫ਼ਾਈ ਵੀ ਜ਼ਰੂਰੀ ਹੈ । ਅਪ ਆਪਣੀ ਅਵਸਥਾ ਦਾ ਚਿਤਰਣ ਕਰਦਿਆਂ ਹੋਇਆਂ ਅਤੇ ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਿ ਆਪ ਵਿੱਚ ਹੌਂਸਲੇ ਦੀ ਕਿੰਨ੍ਹੀ ਵਿਸ਼ਾਲਤਾ ਤੇ ਖਿਮਾ ਕਰਨ ਦੀ ਸ਼ਕਤੀ ਹੈ ਫ਼ਰਮਾਉਂਦੇ ਹਨ, ਮੈਂ ਸਹੁੰ ਖਾਕੇ ਕਹਿੰਦਾ ਹਾਂ ਕਿ ਜੇਕਰ ਕੋਈ ਮਨੁੱਖ ਜਿਸ ਨੇ ਮੈਂਨੂੰ ਹਜ਼ਾਰਾਂ ਵਾਰੀ ਦਜੱਾਲ (ਫ਼ਸਾਦੀ) ਤੇ ਕਜ਼ੱਾਬ (ਝੂਠਾ) ਕਿਹਾ ਹੋਵੇ ਅਤੇ ਮੇਰੀ ਵਿਰੋਧਤਾ ਵਿੱਚ ਹਰ ਪ੍ਰਕਾਰ ਜਤਨ ਕੀਤਾ ਹੋਵੇ ਅਤੇ ਉਹ ਮਿਤੱਰਤਾ ਦਾ ਜਾਜਕ ਹੋਵੇ ਤਾਂ ਮੇਰੇ ਮਨ ਵਿੱਚ ਇਹ ਵਿਚਾਰ ਵੀ ਨਹੀਂ ਆਉਂਦਾ ਅਤੇ ਨ ਹੀ ਆ ਸਕਦਾ ਹੈ ਕਿ ਉਸ ਨੇ ਮੈਂਨੂੰ ਕੀ ਕਿਹਾ ਸੀ ਅਤੇ ਮੇਰੇ ਨਾਲ ਕੀ ਵਰਤਾਉ ਕੀਤਾ ਸੀ । ਫਿਰ ਆਪ ਨੇ ਸਾਨੂੰ ਨਸੀਹਤ ਕਰਦਿਆਂ ਹੋਇਆਂ ਫ਼ਰਮਾਇਆ ਕਿ ਮੇਰੀ ਨਸੀਹਤ ਇਹੋ ਹੈ ਕਿ ਦੋ ਗਲੱਾਂ ਨੂੰ ਚੇਤੇ ਰੱਖੋਂ । ਇਕ ਰੱਬ ਤੋਂ ਡਰੋ ਦੂਜਾ ਆਪਣੇ ਭਰਾਵਾਂ ਨਾਲ ਅਜਿਹੀ ਹਮਦਰਦੀ ਕਰੋ ਜਿਵੇਂ ਆਪਣੇ ਆਪ ਨਾਲ ਕਰਦੇ ਹੋ । ਜੇਕਰ ਕਿਸੇ ਤੋਂ ਕੋਈ ਕਸੂਰ ਜਾਂ ਗ਼ਲਤੀ ਵਾਪਰ ਜਾਵੇ ਤਾਂ ਉਸ ਨੂੰ ਮੁਆਫ਼ ਕਰਨਾ ਚਾਹੀਦਾ ਹੈ ਨ ਕਿ ਉਸ'ਤੇ ਬਹੁਤਾ ਜ਼ੋਰ ਦਿੱਤਾ ਜਾਵੇ ਅਤੇ ਕੀਨੇ ਸਾੜੇ ਦੀ ਆਦਤ ਬਣ ਲਈ ਜਾਵੇ ।

ਹਜ਼ੂਰ ਫ਼ਰਮਾਉਂਦੇ ਹਨ : ਸੋ, ਸਾਨੂੰ ਹਰ ਸਮੇਂ ਇਹ ਗੱਲ ਸਾਹਮਣੇ ਰਖੱਣੀ ਚਾਹੀਦੀ ਹੈ ਕਿ ਅੱਜ ਕਲੱ ਦੁਨੀਆ ਵਿੱਚ ਜਿੱਥੇ ਹਰ ਸਮੇਂ ਹਰ ਥਾਂ ਫ਼ਸਾਦ ਹੋਣ ਦੀ ਅਵਸਥਾ ਬਣੀ ਰਹਿੰਦੀ ਹੈ, ਅਸੀਂ ਜੋ ਆਪਣੇ ਆਪ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਣਕੇ ਇਕ ਛਤਰ ਛਾਇਆ ਵਿੱਚ ਆਇਆ ਹੋਇਆ ਸਮਝਦੇ ਹਾਂ ਅਤੇ ਇਸ ਗੱਲ ਦਾ ਸ਼ੁਕਰ ਕਰਦੇ ਹਾਂ ਕਿ ਰੱਬ ਨੇ ਸਾਨੂ ਦੁਨੀਆ ਦੇ ਸਾਧਾਰਣ ਫ਼ਸਾਦਾਂ ਦੀ ਅਵਸਥਾਂ ਤੋਂ ਸੁਰੱਖਿਅਤ ਰੱਖਿਆ ਹੋਇਆ ਹੈ, ਵਾਸਤਵ ਵਿੱਚ ਅਸੀਂ ਉਸ ਸਮੇਂ ਸੁਰੱਖਿਅਤ ਹੋ ਸਕਦੇ ਹਾਂ ਜੱਦ ਅਸੀਂ ਹਰ ਸਮੇਂ ਇਹ ਅਹਿਸਾਸ ਰੱਖੀਏ ਕਿ ਦੂਜਿਆਂ ਨਾਲ ਮਾਮਲਾ ਪੈਣ'ਤੇ ਨਰਮੀ ਦਾ ਰਵੱਈਆ ਰਖੱਣਾ ਹੈ ਅਤੇ ਮਿਤੱਰਤਾ ਦੀ ਨੀਂਹ ਪਾਉਣੀ ਹੈ, ਨਹੀਂ ਤਾਂ ਸਾਡੀਆਂ ਗਲੱਾਂ ਕੇਵਲ ਗਲੱਾਂ ਦੀ ਸੀਮਾ ਤੱਕ ਹੀ ਰਹਿਣਗੀਆਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਖ਼ਲਕਤ ਨਾਲ ਹਮਦਰਦੀ ਤੇ ਮਿਤੱਰਤਾ ਇਕ ਅਜਿਹਾ ਗੁਣ ਹੈ ਜਿਸ ਨੂੰ ਆਪਨਾਉਣ ਦੀ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਾਰ ਵਾਰ ਨਸੀਹਤ ਕੀਤੀ ਹੈ । ਸੋ, ਹਰ ਅਹਮਦੀ ਨੂੰ ਇਸ ਉਪੱਰ ਬਹੁਤ ਧਿਆਨ ਦੇਣਾ ਚਾਹੀਦਾ ਹੈ । ਹਦੀਸ ਵਿੱਚ ਆਉਂਦਾ ਹੈ ਕਿ ਹਜ਼ਰਤ ਮੂਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਸ਼ਕਤੀਸ਼ਾਲੀ ਪਹਿਲਵਾਨ ਉਹ ਮਨੁੱਖ ਨਹੀਂ ਜੋ ਦੂਜਿਆਂ ਨੂੰ ਪਛਾੜ ਦੇਵੇ, ਅਸਲ ਪਹਿਲਵਾਨ ਉਹ ਹੈ ਜੋ ਗੁੱਸੇ ਸਮੇਂ ਆਪਣੇ ਉਪੱਰ ਕਾਬੂ ਰਖੱਦਾ ਹੈ । ਸੋ ਇਹ ਇਕ ਮੋਮਿਨ ਦੀ ਸ਼ਾਨ ਹੈ ਕਿ ਇਸ ਪ੍ਰਕਾਰ ਦੇ ਉਤੱਮ ਆਚਰਣ ਦਾ ਪ੍ਰਦਰਸ਼ਨ ਕਰੇ । ਗੁੱਸੇ ਦੀ ਅਵਸਥਾ ਵਿੱਚ ਆਪਣੇ ਉਪੱਰ ਕੰਟ੍ਰੋਲ ਹੋਣਾ ਚਾਹੀਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ : ਸਾਡੀ ਜਮਾਤ ਵਿੱਚ ਬਾਹੁਬਲੀਆਂ ਤੇ ਪਹਿਲਵਾਨਾ ਦੀ ਸ਼ਕਤੀ ਰਖੱਣ ਵਾਲਿਆਂ ਦੀ ਲੋੜ ਨਹੀਂ ਸਗੋਂ ਅਜਿਹੀ ਸ਼ਕਤੀ ਰਖੱਣ ਵਾਲੇ ਚਾਹੀਦੇ ਹਨ ਜੋ ਆਚਰਣ ਬਦਲ ਦੇਣ ਵਾਲੇ ਹੋਣ । ਇਹ ਇਕ ਸੱਚੀ ਗੱਲ ਹੈ ਕਿ ਉਹ ਬਾਹੁਬਲੀ ਤੇ ਸ਼ਕਤੀਸ਼ਾਲੀ ਨਹੀਂ ਜੋ ਪਹਾੜ ਨੂੰ ਇਕ ਥਾਂ ਤੋਂ ਹਟਾ ਸਕੇ, ਨਹੀਂ ਨਹੀਂ, ਅਸਲ ਬਹਾਦਰ ਉਹੋ ਹੈ ਜੋ ਆਚਰਣ ਬਦਲਣ ਦੀ ਯੋਗਤਾ ਰਖੱਦਾ ਹੈ । ਸੋ ਚੇਤੇ ਰਖੋ ਕਿ ਸਾਰੀ ਹਿਮੱਤ ਦੇ ਸ਼ਕਤੀ ਅਖ਼ਲਾਕ ਬਦਲਣ ਵਿੱਚ ਖਰਚ ਕਰੋ ਕਿਉਂਕਿ ਇਹੋ ਵਾਸਤਵਿਕ ਸ਼ਕਤੀ ਤੇ ਦਲੇਰੀ ਹੈ । ਹਜ਼ੂਰ ਨੇ ਫ਼ਰਮਾਇਆ : ਸੋ, ਇਹ ਸਾਡਾ ਉਦੇਸ਼ ਹੋਣਾ ਚਾਹੀਦਾ ਹੈ ।

ਇਕ ਮੌਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮੈਂ ਸਮਝਦਾ ਹਾਂ ਕਿ ਹਰ ਇਕ ਮਨੁੱਖ ਜੋ ਆਪਣੇ ਭੈੜੇ ਆਚਰਣਾ ਨੂੰ ਛਡੱਕੇ, ਭੈੜੀਆਂ ਆਦਤਾਂ ਨੂੰ ਛਡੱਕੇ ਚੰਗੇ ਗੁਣਾ ਨੂੰ ਹਾਸਲ ਕਰ ਲੈਂਦਾ ਹੈ ਇਹ ਉਸ ਲਈ ਇਕ ਕਰਾਮਤ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਉੱਚੇ ਆਚਰਣ ਹਾਸਲ ਕਰਨਾ ਇਹ ਹਰ ਇਕ ਲਈ ਕਰਾਮਤ ਹੈ । ਲੋਕ ਕਹਿੰਦੇ ਹਨ ਕੀ ਕਰਾਮਤ ਹੋਈ, ਕੀ ਕਰਾਮਤ ਦਿਖਾਈ ਬੈਅਤ ਵਿੱਚ ਆਣਕੇ, ਬੈਅਤ ਵਿੱਚ ਆਣਕੇ ਇਹੋ ਕਰਾਮਤ ਹੈ ਕਿ ਉਤੱਮ ਅਖ਼ਲਾਕ ਆਪਣਾ ਲਿਆ ਅਤੇ ਭੈੜੀਆਂ ਗਲੱਾਂ ਨੂੰ ਛੱਡ ਦਿੱਤਾ ਅਤੇ ਅਜਿਹਾ ਹੀ ਆਪ ਦਿਖਾਵੇ ਤੇ ਹਉਮੈਂ ਤੇ ਖ਼ੁਦਪਸੰਦੀ ਨੂੰ ਛਡੱਕੇ ਜੱਦ ਆਜਜ਼ੀ ਤੇ ਵਿਨ੍ਮਤਾ ਧਾਰਣ ਕਰਦਾ ਹੈ ਤਾਂ ਇਹ ਵਿਨਮ੍ਰਤਾ ਹੀ ਕਰਾਮਤ ਹੈ । ਸੋ, ਤੁਹਾਡੇ ਵਿੱਚੋਂ ਕੌਣ ਹੈ ਜੋ ਨਹੀਂ ਚਾਹੁੰਦਾ ਕਿ ਕਰਾਮਾਤੀ ਬਣ ਜਾਵੇ । ਜੇਕਰ ਹਮੇਸ਼ਾ ਰਹਿਣ ਵਾਲੀ ਕੋਈ ਕਰਾਮਤ ਹੈ ਤਾਂ ਇਹੋ ਕਰਾਮਤ ਹੈ, ਇਹੋ ਚਮਤਕਾਰ ਹੈ ਅਤੇ ਇਹੋ ਇਨਕਲਾਬ ਹੈ ਜੋ ਤੁਹਾਨੂੰ ਆਪਣੇ ਅੰਦਰ ਪੈਦਾ ਕਰਨਾ ਚਾਹੀਦਾ ਹੈ ਕਿ ਬਦੀਆਂ ਨੂੰ ਤਿਆਗ ਕੇ ਭੈੜੇ ਆਚਰਣਾ ਨੂੰ ਛਡੱਕੇ ਚੰਗੇ

ਆਚਰਣ ਧਾਰਣ ਕਰੋ । ਫ਼ਰਮਾਇਆ ਮਨੁੱਖ ਅਖ਼ਲਾਕੀ ਹਾਲਤ ਨੂੰ ਦੁਰੁਸਤ ਕਰੇ ਕਿਉਂਕਿ ਇਹ ਇਕ ਅਜਿਹੀ ਕਰਾਮਤ ਹੈ ਜਿਸ ਦਾ ਪ੍ਰਭਾਵ ਕਦੇ ਵੀ ਨਸ਼ਟ ਨਹੀਂ ਹੁੰਦਾ ਸਗੋਂ ਇਸ ਦਾ ਲਾਭ ਦੂਰ ਤੱਕ ਪਹੁੰਚਦਾ ਹੈ । ਮੋਮਿਨ ਨੂੰ ਚਾਹੀਦਾ ਹੈ ਕਿ ਖ਼ਲਕ ਤੇ ਖ਼ਾਲਕ ਨਜ਼ਦੀਕ ਕਰਾਮਤ ਯੋਗ ਹੋ ਜਾਵੇ । ਫ਼ਰਮਾਉਂਦੇ ਹਨ ਕਿ ਅਨੇਕਾਂ ਹੀ ਮਨਮੌਜੀ ਤੇ ਦੁਨੀਆਦਾਰ ਅਜਿਹੇ ਦੇਖੇ ਗਏ ਹਨ ਜੋ ਕਿਸੇ ਦੈਵੀ ਚਮਤਕਾਰ ਦੇ ਕਾਇਲ ਨਹੀਂ ਹੋਏ ਪਰ ਆਚਰਣਕ ਅਵਸਥਾ ਨੂੰ ਦੇਖਕੇ ਉਹਨਾਂ ਨੇ ਵੀ ਸਿਰ ਝੁਕਾ ਲਿਆ ।

ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਕਿ ਜੇਕਰ ਮਨੁੱਖ ਦੇ ਅੰਦਰੋ ਆਪੇ (ਹਉਮੈ) ਦਾ ਕੀੜਾ ਨਹੀਂ ਨਿਕਲਦਾ ਤਾਂ ਉਸ ਦਾ ਤੌਹੀਦ ਉਪੱਰ ਵੀ ਇਮਾਨ ਨਹੀਂ ਹੈ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਅਸਲ ਗੱਲ ਇਹ ਹੈ ਕਿ ਰੱਬ ਦੀ ਮਿਹਰ ਤੋਂ ਬਿਨਾ ਇਹ ਕੀੜੇ ਅੰਦਰੋਂ ਨਹੀਂ ਨਿਕਲ ਸਕਦੇ । ਇਸ ਲਈ ਰੱਬ ਦੀ ਮਿਹਰ ਹਾਸਲ ਕਰਨ ਲਈ ਜਤਨ ਹੋਣੇ ਚਾਹੀਦੇ ਹਨ । ਫ਼ਰਮਾਉਂਦੇ ਹਨ ਕਿ ਇਹ ਬਹੁਤ ਬਰੀਕ ਕੀੜੇ ਹਨ ਅਤੇ ਸਭ ਤੋਂ ਵੱਧ ਹਾਣ ਤੇ ਨੁਕਸਾਨ ਇਹਨਾਂ ਦਾ ਹੀ ਹੈ ਜੋ ਲੋਕ ਭੌਤਕ ਭਾਵਨਾਵਾਂ ਤੋਂ ਪ੍ਰਭਾਵਤ ਹੋਕੇ ਰੱਬ ਦੇ ਹੱਕ ਤੇ ਸੀਮਾਵਾਂ ਤੋਂ ਬਾਹਰ ਹੋ ਜਾਂਦੇ ਹਨ ਅਤੇ ਇਸ ਪ੍ਰਕਾਰ 'ਹਕੂਕੁਲ ਇਬਾਦ' (ਰੱਬ ਦੀ ਮਖ਼ਲੂਕ ਦੇ ਹੱਕ) ਨੂੰ ਮਾਰ ਜਾਂਦੇ ਹਨ ਉਹ ਅਜਿਹੇ ਨਹੀਂ ਕਿ ਪੜ੍ਹੇ ਲਿਖੇ ਨਹੀਂ ਸਗੋਂ ਹਜ਼ਾਰਾਂ ਨੂੰ ਮੌਲਵੀ ਤੇ ਵਿਦਵਾਨ ਪਾਓਗੇ ਅਤੇ ਬਹੁਤ ਹੋਣਗੇ ਜੋ ਫ਼ਕੀਹ ਤੇ ਸੂਫ਼ੀ ਅਖਵਾਉਂਦੇ ਹੋਣਗੇ ਪਰ ਇਹਨਾਂ ਗਲੱਾਂ ਦੇ ਹੁੰਦਿਆਂ ਹੋਇਆਂ ਵੀ ਉਹ ਇਸ ਰੋਗ ਵਿੱਚ ਗ੍ਰਿਸਤ ਹਨ ।

ਫ਼ਰਮਾਇਆ ਇਹਨਾਂ ਬੁਤਾਂ ਤੋਂ ਪਰਹੇਜ਼ ਕਰਨਾ ਹੀ ਤਾਂ ਬਹਾਦਰੀ ਹੈ ਅਤੇ ਇਸ ਨੂੰ ਪਛਾਣਨਾ ਹੀ ਚੰਗੀ ਦਾਨਾਈ ਤੇ ਸਮਝਦਾਰੀ ਹੈ, ਇਹੋ ਬੁੱਤ ਹਨ ਜਿੰਨ੍ਹਾ ਕਰਕੇ ਆਪੋ ਵਿੱਚ ਫ਼ੁੱਟ ਪੈਂਦੀ ਹੈ ਅਤੇ ਹਜਾਰਾਂ ਦਾ ਖ਼ੂਨ ਖ਼ਰਾਬਾ ਹੁੰਦਾ ਹੈ । ਇਕ ਭਾਈ ਦੂਜੇ ਭਾਈ ਦਾ ਹੱਕ ਮਾਰਦਾ ਹੈ ਅਤੇ ਇਸੇ ਪ੍ਰਕਾਰ ਹਜ਼ਾਰਾਂ ਹਜ਼ਾਰ ਬਦੀਆਂ ਇਹਨਾਂ ਦੇ ਸਬਬ ਪੈਦਾ ਹੁੰਦੀਆਂ ਹਨ । ਫ਼ਰਮਾਉਂਦੇ ਹਨ ਕਿ ਕਿ ਪ੍ਰਤੀਦਿਨ ਹਰ ਸਮੇ ਹੁੰਦੀਆਂ ਹਨ ਅਤੇ ਸਬਬਾਂ ਉਪੱਰ ਐਨ੍ਹਾ ਭਰੋਸਾ ਕੀਤਾ ਗਿਆ ਹੈ ਕਿ ਰੱਬ ਨੂੰ ਕੇਵਲ ਇਕ ਅਪੰਗ ਅੰਗ ਕਰਾਰ ਦੇ ਰੱਖਿਆ ਹੈ । ਬਹੁਤ ਹੀ ਘੱਟ ਲੋਕ ਹਨ ਜਿੰਨ੍ਹਾ ਨੇ 'ਤੌਹੀਦ' ਦੇ ਅਸਲ ਅਰਥ ਨੂੰ ਸਮਝਿਆ ਹੈ ਅਤੇ ਜੇਕਰ ਉਹਨਾਂ ਨੂੰ ਕਿਹਾ ਜਾਵੇ ਤਾਂ ਝੱਟ ਕਹਿ ਦਿੰਦੇ ਹਨ ਕਿ ਕੀ ਅਸੀਂ ਮੁਸਲਮਾਨ ਨਹੀਂ ਅਤੇ ਕਲਿਮਾ ਨਹੀਂ ਪੜ੍ਹਦੇ, ਪਰ ਦੁੱਖ ਤਾਂ ਇਹ ਹੈ ਕਿ ਉਹਨਾਂ ਨੇ ਕੇਵਲ ਐਨ੍ਹਾ ਹੀ ਸਮਝ ਲਿਆ ਹੈ ਕਿ ਬਸ ਮੂੰਹ ਤੋਂ ਕਲਿਮਾ ਪੜ੍ਹ ਦਿਤੱਾ ਅਤੇ ਬਹੁਤ ਹੈ । ਆਪ ਫ਼ਰਮਾਉਂਦੇ ਹਨ ਕਿ ਮੈਂ ਨਿਸ਼ਚਿਤ ਰੂਪ ਵਿੱਚ ਕਹਿੰਦਾ ਹਾਂ ਕਿ ਜੇਕਰ ਮਨੁੱਖ ਕਲਿਮਾ ਤੱਯੱਬਾ ਦੀ ਹਕੀਕਤ ਤੋਂ ਜਾਣਕਾਰ ਹੋ ਜਾਵੇ ਅਤੇ ਅਮਲੀ ਰੂਪ ਵਿੱਚ ਉਸ ਉਪੱਰ ਪਾਬੰਦ ਹੋ ਜਾਵੇ ਤਾਂ ਬਹੁਤ ਵੱਡੀਆਂ ਸਫ਼ਲਤਾਵਾਂ ਪ੍ਰਾਪਤ ਕਰ ਸਕਦਾ ਹੈ ਅਤੇ ਰੱਬ ਦੀਆਂ ਅਦਭੁਤ ਕੁਦਰਤਾਂ ਦਾ ਅਵਲੋਕਣ ਕਰ ਸਕਦਾ ਹੈ । ਬਹੁਤ ਸਾਰੇ ਲੋਕ ਮੇਰੀ ਜਮਾਤ ਵਿੱਚ ਦਾਖ਼ਲ ਤਾਂ ਹਨ ਅਤੇ ਉਹ 'ਤੌਹੀਦ' ਦਾ ਇਕਰਾਰ ਵੀ ਕਰਦੇ ਹਨ, ਪਰ ਮੈਂ ਦੁੱਖ ਨਾਲ ਕਹਿੰਦਾ ਹਾਂ ਕਿ ਉਹ ਮਨ੍ਹਦੇ ਨਹੀਂ । ਜੋ ਮਨੁੱਖ ਆਪਣੇ ਭਾਈ ਦਾ ਹੱਕ ਮਾਰਦਾ ਹੈ ਜਾਂ ਬੇਈਮਾਨੀ ਕਰਦਾ ਹੈ ਜਾਂ ਹੋਰਨਾ ਬਦੀਆਂ ਵਿੱਚ ਘਿਰਿਆ ਹੈ ਬਾਜ਼ ਨਹੀਂ ਆਉਂਦਾ ਹੈ, ਮੈਂ ਵਿਸ਼ਵਾਸ ਨਹੀਂ ਕਰਦਾ ਕਿ ਉਹ 'ਤੌਹੀਦ' ਨੂੰ ਮਨ੍ਹਣ ਵਾਲਾ ਹੈ । ਜੋ ਮਨੁੱਖ ਆਪ ਭਾਈ ਦਾ ਹੱਕ ਮਾਰ

ਲੈਂਦਾ ਹੈ ਅਤੇ ਉਸ ਵਿੱਚ ਬੇਈਮਾਨੀ ਕਰਦਾ ਹੈ ਉਹ 'ਲਾ ਇਲਾਹਾ ਇਲਲੱਾਹੁ' ਦਾ ਕਾਇਲ ਨਹੀਂ ਨਹੀਂ ਹੈ ਕਿਉਕਿ ਇਹ ਇਕ ਅਜਿਹੀ ਨੇਮਤ ਹੈ ਕਿ ਇਸ ਨੂੰ ਹਾਸਲ ਕਰਦਿਆਂ ਹੀ ਮਨੁੱਖ ਵਿੱਚ ਇਹ ਦੈਵੀ ਪਰਿਵਰਤਨ ਪੈਦਾ ਹੋ ਜਾਂਦਾ ਹੈ । ਇਸ ਵਿੱਚ ਕੀਨਾ, ਸੜਾ, ਦਿਖਾਵਾ, ਹੰਕਾਰ ਅਦਿ ਦੇ ਬੁੱਤ ਨਹੀਂ ਰਹਿੰਦੇ ਅਤੇ ਰੱਬ ਨਾਲ ਉਸ ਦੀ ਨੇੜਤਾ ਹੋ ਜਾਂਦੀ ਹੈ । ਇਹ ਪਰਿਵਰਤਨ ਉਸੇ ਸਮੇਂ ਹੁੰਦਾ ਹੈ ਅਤੇ ਉਸੇ ਸਮੇਂ ਉਹ ਇਕ ਈਸ਼ਵਰਵਾਦੀ ਬਣ ਜਾਂਦਾ ਹੈ ਜੋਂ ਇਹ ਅੰਦਰੂਨੀ ਬੁੱਤ ਹੰਕਾਰ, ਹਉਮੈ, ਦਿਖਾਵਾ, ਕੀਨਾ ਤੇ ਸਾੜਾ, ਬੁਖ਼ਲ (ਕੰਜੂਸੀ), ਫ਼ੁੱਟ ਅਤੇ ਪ੍ਰਣ ਤੋੜਨਾ ਆਦਿ ਦੂਰ ਹੋ ਜਾਣ । ਸੋ, ਇਹ ਪੱਕੀ ਗੱਲ ਹੈ ਕਿ ਕੇਵਲ ਮੂੰਹ ਨਾਲ ਕਹਿ ਦੇਣਾ ਕਿ ਰੱਬ ਨੂੰ ਇਕ ਮਨ੍ਹੰਦਾ ਹਾਂ ਕੋਈ ਲਾਭ ਨਹੀਂ ਦੇ ਸਕਦੇ । ਹੁਣੇ ਹੀ ਮੂੰਹੋ ਕਲਿਮਾ ਪੜ੍ਹਦਾ ਹੈ ਅਤੇ ਹੁਣੇ ਹੀ ਕੋਈ ਕੰਮ ਰਤਾ ਸੋਚ ਦੇ ਵਿਰੁਧ ਹੋ ਜਾਵੇ ਤੇ ਗੁੱਸੇ ਤੇ ਗ਼ਜ਼ਬ ਨੂੰ ਰੱਬ ਬਣਾ ਲਿਆ ।

ਹਜ਼ੂਰ ਨੇ ਫ਼ਰਮਾਇਆ : ਸੋ, ਸਾਰ ਇਹ ਹੈ ਕਿ ਮਨੁੱਖ ਦੇ ਅੰਦਰੋਂ ਆਪੇ ਦਾ ਕੀੜਾ ਰੱਬ ਦੀ ਮਿਹਰ ਤੋਂ ਬਿਨਾ ਨਹੀਂ ਨਿਕਲ ਸਕਦਾ ਅਤੇ ਰੱਬ ਦੀ ਮਿਹਰ ਬਿਨਾ ਵਾਸਤਵਿਕ 'ਤੌਹੀਦ' ਉਪੱਰ ਕਾਇਮ ਹੋਏ ਨਹੀਂ ਮਿਲ ਸਕਦੀ । ਨਿਰਾ 'ਲਾ ਇਲਾਹਾ ਇਲਲੱਾਹੁ' ਮੂੰਹੋ ਆਖ ਦੇਣਾ ਮਨੁੱਖ ਨੂੰ ਇਕ ਈਸ਼ਵਰਵਾਦੀ ਨਹੀਂ ਬਣਾ ਸਕਦਾ । ਇਕ ਈਸ਼ਵਰਵਾਦੀ ਬਣਨ ਲਈ ਰੱਬ ਨੂੰ ਸਾਰੀਆਂ ਸ਼ਕਤੀਆਂ ਦਾ ਮਾਲਕ ਸਮਝਣਾ ਜ਼ਰੂਰੀ ਹੈ ਅਤੇ ਉਸ ਨੂੰ ਵਾਸਤਵਿਕ ਮਾਬੂਦ (ਉਪਾਸਨੀ) ਸਮਝਣਾ ਜ਼ਰੂਰੀ ਹੈ । ਅਤੇ ਜੇਕਰ ਰੱਬ ਨੂੰ ਸਰਬ ਸ਼ਕਤੀਮਾਨ ਸਮਝਿਆ ਜਾਵੇ ਅਤੇ ਵਾਸਤਵਿਕ ਉਪਾਸਨਾ ਯੋਗ ਸਮਝਿਆ ਜਾਵੇ ਤਾਂ ਫਿਰ ਸੰਸਾਰਕ ਹੀਲੀਆਂ ਹੁਜੱਤਾਂ, ਦੁਨੀਆਵੀ ਬਹਾਨਿਆ ਨਾਲ ਭਿੰਨ ਭਿੰਨ ਤਰੀਕਿਆ ਨਾਲ ਮਨੁੱਖ ਦੂਜਿਆਂ ਦਾ ਹੱਕ ਨਹੀ ਮਾਰ ਸਕਦਾ । ਸੋ, ਜੋ ਆਪਣੇ ਭਾਈਆਂ ਦੇ ਹੱਕ ਪੂਰੇ ਨਹੀਂ ਕਰਦਾ ਜੋ ਮਿਤੱਰਤਾ ਵੱਲ ਪੈਰ੍ਹ ਨਹੀਂ ਪੁਟੱਦਾ, ਵੈਰ ਵਿਰੋਧ ਖ਼ਤਮ ਨਹੀਂ ਕਰਦਾ ਉਹ 'ਤੌਹੀਦ' ਦਾ ਵੀ ਕਾਇਲ ਨਹੀਂ ਹੈ । ਇਹ ਸਾਰ ਹੈ ਆਪ ਦੇ ਉਸ ਫ਼ਰਮਾਨ ਦਾ । ਇਹ ਇਕ ਅਜਿਹਾ ਨੁਕਤਾ ਹੈ ਕਿ ਜੇਕਰ ਇਸ ਨੂੰ ਸਮਝ ਲਿਆ ਜਾਵੇ ਤਾਂ ਅਸੀਂ ਸਾਰੇ ਹਮੇਸ਼ਾ ਮਿਤੱਰਤਾ ਦੀ ਨੀਂਹ ਪਾਉਣ ਵਾਲੇ ਬਣ ਜਾਈਏ ਅਤੇ ਦੂਜਿਆਂ ਦੇ ਹੱਕ ਪੂਰੇ ਕਰਨ ਵਾਲੇ ਬਣ ਜਾਈਏ ।

ਸੋ, ਸਾਡੇ ਵਿਚੋਂ ਹਰ ਇਕ ਨੂੰ ਇਸ ਵਿਸ਼ੈ ਨੂੰ ਸਮਝਦਿਆਂ ਹੋਇਆਂ ਆਪਣੀ ਪੜਤਾਲ ਕਰਨ ਦੀ ਲੋੜ ਹੈ, ਨਹੀਂ ਤਾਂ ਇਹ ਸਾਡੇ ਲਈ ਚਿੰਤਾ ਦੀ ਗੱਲ ਹੈ । ਮੂੰਹ ਤੋਂ ਤਾਂ ਤੌਹੀਦ ਦਾ ਇਕਰਾਰ ਹੈ ਪਰ ਅਮਲਾਂ ਤੋਂ ਇਨਕਾਰੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਮਰਮਾਉਂਦੇ ਹਨ : ਸੋ, ਨਿਰਸੰਦੇਹ, ਮਿਤੱਰਤਾ ਇਕ ਉੱਚ ਦਰਜੇ ਦਾ ਆਚਰਣਕ ਗੁਣ ਹੈ ਅਤੇ ਮਨੁੱਖ ਲਈ ਅਤਿ ਜ਼ਰੂਰੀ ਹੈ ।

ਜਲਾਲ ਵਾਲਾ ਰੱਬ ਇਹ ਸਿੱਖਿਆ ਦਿੰਦਾ ਹੈ ((وَأَصْلِحُوا ذَاتَ بَيْنِكُمْ } (الأَنْفال 2}) ਵਸਲਿਹੂ ਜ਼ਾਤਾ ਬੈਨਾਕੁਮ' ਕਿ ਆਮਣੇ ਵਿੱਚ ਮਿਤੱਰਤਾ ਰੱਖੋ । 'ਵਸੁੱਲਹਿ ਖ਼ੈਰ' ਮਿਤੱਰਤਾ ਹਰ ਅਵਸਥਾ ਵਿੱਚ ਬਿਹਤਰ ਹੈ । ({وَإِنْ جَنَحُوا لِلسَّلْمِ فَاجْنَحْ لَهَا } (الأَنْفال 62) 'ਵਇਨ ਜਨਾਹੁ ਲਿਸੱਲਮਿ ਫ਼ਜਨਾਹ ਲਹਾ' ਕਿ ਜੇਕਰ ਉਹ ਮਿਤੱਰਤਾ ਲਈ ਝੁੱਕ ਜਾਣ ਤਾਂ ਤੂੰ ਵੀ ਉਹਨਾਂ ਲਈ ਮਿੱਤਰਤਾ ਲਈ ਝੁੱਕ ਜਾ । ਫਿਰ ਰੱਬ ਫ਼ਰਮਾਉਂਦਾ ਹੈ ਕਿ ((وَعِبَادُ الرَّحْمَنِ الَّذِينَ يَمْشُونَ عَلَى الْأَرْضِ هَوْنًا } (الفرقان 64}) ਵ ਇਬਾਦੁਰੱਹਮਾਨ ਨਿਲੱਜ਼ੀ ਯਮਸ਼ੂਨਾ ਅਲਲ

ਅਰਜ਼ਿ ਹੌਨਾ' ਅਤੇ ਰਹਿਮਾਨ ਦੇ ਬੰਦੇ ਉਹ ਹਨ ਜੋ ਧਰਤੀ'ਤੇ ਵਿਨਮ੍ਰਤਾ ਨਾਲ ਆਜਜ਼ੀ ਨਾਲ ਚਲਦੇ ਹਨ । ਫਿਰ ਫ਼ਰਮਾਉਂਦਾ ਹੈ ਕਿ ((وَإِذَا مَرُّوا بِاللَّغْوِ مَرُّوا كِرَامًا { (الفرقان 73}) 'ਵ ਇਜ਼ਾ ਮਰ੍ਰੁੱ ਬਿਲ ਲਗ਼ਵਿ ਮਰ੍ਰੁੱ ਕਿਰਾਮਾ' ਅਤੇ ਜੱਦ ਉਹ ਵਿਅਰਥ ਗਲੱਾਂ ਲਾਗਿਓਂ ਲੰਘਦੇ ਹਨ ਤਾਂ ਬਹੁਤ ਵਕਾਰ ਨਾਲ ਲੰਘਦੇ ਹਨ ।

ਫਿਰ ਆਪ ਨੇ ਇਹ ਆਇਤ ਦਾ ਹਿਸੱਾ ਕੋਟ ਕੀਤਾ (ادْفَعْ بِالَّتِي هِيَ أَحْسَنُ فَإِذَا الَّذِي بَيْنَكَ وَبَيْنَهُ عَدَاوَةٌ } كَأَنَّهُ وَلِيٌّ حَمِيمٌ { (فصلت 35)) ਇਦਫ਼ਾ ਬਿਲੱਾਤੀ ਹਿਯਾ ਅਹਸਾਨੁ ਫ਼ ਇਜ਼ਲੱਜ਼ੀ ਬੈਨਾਕਾ ਵ ਬੈਨਾਹੂ ਅਦਾਵਾਤੁਨ ਕਾਅਨੱਾ ਹੁ ਵਲੀਯੁਨ ਹਹਮੀਮ' ਕਿ ਅਜਿਹੀ ਚੀਜ਼ ਨਾਲ ਪ੍ਰਤੀਰੱਖਿਆ ਕਰ ਜੋ ਚੰਗੀ ਹੋਵੇ ਫਿਰ ਅਜਿਹਾ ਵਿਅਕਤੀ ਜਿਸ ਦੀ ਤੇਰੇ ਵਿੱਚਵਿਚਕਾਰ ਦੁਸ਼ਮਣੀ ਹੈ ਤੇਰਾ ਡੂੰਘਾ ਮਿਤੱਰ ਬਣ ਜਾਏ ਗਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਇਸ ਜਮਾਤ ਨੂੰ ਬਨਾਉਣ ਦਾ ਉਦੇਸ਼ ਇਹੋ ਹੈ ਕਿ ਮੂੰਹ, ਕੰਨ ਨੱਕ ਅਤੇ ਹਰ ਇਕ ਅੰਗ ਵਿੱਚ 'ਤਕਵਾ' (ਸੰਜਮਤਾ) ਭਰ ਜਾਵੇ, ਸੰਜਮਤਾ ਦਾ ਨੂਰ ਉਸ ਦੇ ਅੰਦਰ ਤੇ ਬਾਹਰ ਹੋਵੇ ਅਤੇ ਉੱਚ ਆਚਰਣ ਦਾ ਉਤੱਮ ਨਮੂਨਾ ਹੋਵੇ ਅਤੇ ਵਿਅਰਥ ਗੁਸੱਾ ਤੇ ਗ਼ਜ਼ਬ ਆਦਿ ਉਕੱਾ ਹੀ ਨ ਹੋਣ । ਆਪ ਫ਼ਰਮਾਉਂਦੇ ਹਨ ਕਿ ਮੈਂ ਦੇਖਿਆ ਹੈ ਕਿ ਜਮਾਤ ਦੇ ਬਹੁਤੇ ਲੋਕਾਂ ਵਿੱਚ ਗੁੱਸੇ ਦਾ ਨੁਕਸ ਹੁਣ ਤੱਕ ਮੌਜੂਦ ਹੈ । ਥੋੜੀ ਥੋੜੀ ਗੱਲ'ਤੇ ਕੀਨਾ ਦੇ ਗੁਸੱਾ ਪੈਦਾ ਹੋ ਜਾਂਦਾ ਹੈ ਅਤੇ ਆਪੋ ਵਿੱਚ ਲੜ ਝਗੜ ਪੈਂਦੇ ਹਨ । ਅਜਿਹੇ ਲੋਕਾਂ ਦਾ ਜਮਾਤ ਵਿੱਚੋਂ ਕੋਈ ਹਿਸੱਾ ਨਹੀਂ ਹੁੰਦਾ ਅਤੇ ਮੈਂ ਨਹੀ ਸਮਝ ਸਕਦਾ ਕਿ ਇਸ ਵਿੱਚ ਕੀ ਦਿਕੱਤ ਆਉਂਦੀ ਹੈ ਕਿ ਜੇਕਰ ਕੋਈ ਗਾਲ੍ਹ ਕੱਢੇ ਅਤੇ ਦੂਜਾ ਚੁੱਪ ਰਹੇ ਅਤੇ ਉਸ ਦਾ ਉਤੱਰ ਨ ਦੇਵੇ । ਹਰ ਇਕ ਜਮਾਤ ਦਾ ਸੁਧਾਰ ਸਭ ਤੋਂ ਪਹਿਲਾਂ ਅਖ਼ਲਾਕ ਨਾਲ ਸ਼ੁਰੂ ਹੁੰਦਾ ਹੈ । ਚਾਹੀਦਾ ਹੈ ਕਿ ਅਰੰਭ ਵਿੱਚ ਸਬਰ ਨਾਲ ਤਰਬੀਯਤ ਵਿੱਚ ਤਰੱਕੀ ਕਰੇ ਅਤੇ ਸਭ ਤੋਂ ਚੰਗੀ ਤਰਕੀਬ ਇਹ ਹੈ ਕਿ ਜੇਕਰ ਕੋਈ ਬਦਗੋਈ ਕਰੇ ਤਾਂ ਉਸ ਲਈ ਦੁਖੀ ਹਿਰਦੇ ਨਾਲ ਦੁਆ ਕਰੋ ਕਿ ਰੱਬ ਉਸ ਦਾ ਸੁਧਾਰ ਕਰ ਦੇਵੇ ਅਤੇ ਦਿਲ ਵਿੱਚ ਕੀਨੇ ਨੂੰ ਉਕੱਾ ਹੀ ਨ ਵਧਾਏ । ਰੱਬ ਉਕੱਾ ਹੀ ਪਸੰਦ ਨਹੀਂ ਕਰਦਾ । ਹਲੀਮੀ, ਸਬਰ ਅਤੇ ਦਰਗੁਜ਼ਰ ਜੋ ਉਤੱਮ ਗੁਣ ਹਨ, ਇਹਨਾ ਦੀ ਥਾਂ ਪਸ਼ੂਪੁਣਾ ਹੋਵੇ । ਜੇਕਰ ਤੁਸੀਂ ਇਹਨਾ ਸਦਗੁਣਾ ਵਿੱਚ ਤਰੱਕੀ ਕਰੋਗੇ ਤਾਂ ਬਹੁਤ ਛੇਤੀ ਰੱਬ ਤੱਕ ਪਹੁੰਚ ਜਾਓਗੇ ।

ਆਪ ਨੇ ਇਕ ਮੌਕੇ ਨਸੀਹਤ ਕਰਕਦਿਆਂ ਹੋਇਆਂ ਫ਼ਰਮਾਇਆ ਕਿ ਜੇਕਰ ਮੇਰੇ ਨਾਲ ਸੰਬੰਧ ਜੋੜਿਆ ਹੈ ਅਤੇ ਮੇਰੀ ਫ਼ੌਜ ਵਿੱਚ ਦਾਖ਼ਲ ਹੋਣ ਦਾ ਦਾਵਾ ਹੈ ਤਾਂ ਫ਼ਿਰ ਆਲਾ ਅਖ਼ਲਾਕ ਧਾਰਣ ਕਰਨੇ ਹੋਣਗੇ ਅਤੇ ਫਿਤਨੇ ਤੇ ਫ਼ਸਾਦਾਂ ਦੀ ਹਾਲਾਤ ਨੂੰ ਛਡੱਣਾ ਹੋਵੇਗਾ । ਆਪ ਨੇ ਆਪਣੇ ਨਾਲ ਸੰਬੰਧ ਰਖੱਣ ਵਾਲਿਆਂ ਨੂੰ ਫ਼ਰਮਾਇਆ ਕਿ ਉਹ ਦਿਲਾਂ ਨੂੰ ਪਾਕ ਕਰਨ ਅਤੇ ਆਪਣੇ ਮਨੁੱਖੀ ਰਹਿਮ ਨੂੰ ਤਰੱਕੀ ਦੇਣ ਅਤੇ ਦੁਖੀਆਂ ਲਈ ਹਮਦਰਦ ਬਣਨ, ਧਰਤੀ ਉਪੱਰ ਮਿਤੱਰਤਾ ਫੈਲਾ ਦੇਣ ਕਿ ਇਸ ਨਾਲ ਉਹਨਾਂ ਦਾ ਦੀਨ ਫ਼ੈਲੇਗਾ । ਆਪ ਨੇ ਫ਼ਰਮਾਇਆ ਕਿ ਸੋ, ਉਠੋ ਅਤੇ ਤੌਬਾ ਕਰੋ ਅਤੇ ਆਪਣੇ ਮਾਲਕ ਨੂੰ ਨੇਕ ਕੰਮਾ ਲਈ ਰਾਜ਼ੀ ਕਰੋ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ: ਮੈਂ ਨਸੀਹਤ ਕਰਦਾ ਹਾਂ ਕਿ ਸ਼ਰ (ਸ਼ਰਾਰਤ) ਤੋਂ ਪਰਹੇਜ਼ ਕਰੋ ਅਤੇ ਮਨੁੱਖਾਂ ਨਾਲ ਹਮਦਰਦੀ ਨਾਲ ਪੇਸ਼ ਆਓ । ਆਪਣੇ ਦਿਲਾਂ ਨੂੰ ਬੁਗ਼ਜ਼, ਗੁਸੱਾ ਕੀਨਾ ਤੇ ਸਾੜਾ ਆਦਿ ਤੋਂ ਪਾਕ ਕਰੋ ਕਿ ਇਸ ਆਦਤ ਰਾਹੀਂ ਤੁਸੀਂ ਫ਼ਰਿਸ਼ਤਿਆਂ ਵਾਂਗ ਹੋ ਜਾਓਗੇ । ਕਿੰਨ੍ਹਾ ਹੀ ਗੰਦਾ ਤੇ ਨਾਪਾਕ

ਉਹ ਧਰਮ ਹੈ ਜਿਸ ਵਿੱਚ ਇਨਸਾਨ ਦੀ ਹਮਦਰਦੀ ਨਹੀਂ ਅਤੇ ਕਿੰਨ੍ਹਾ ਹੀ ਨਾਪਾਕ ਉਹ ਮਾਰਗ ਹੈ ਜੋ ਨਫ਼ਸਾਨੀ ਕ੍ਰੋਧ ਦੇ ਕੰਡਿਆਂ ਨਾਲ ਭਰਿਆ ਹੋਇਆ ਹੈ, ਸੋ, ਤੁਸੀਂ ਜੋ ਮੇਰੇ ਨਾਲ ਹੋ, ਅਜਿਹੇ ਨ ਹੋਵੋ । ਤੁਸੀਂ ਸੋਚੋ ਕਿ ਧਰਮ ਤੋਂ ਹਾਸਲ ਕੀ ਹੈ, ਕੀ ਇਹੋ ਕਿ ਹਰ ਸਮੇਂ ਦੁੱਖ ਪਹੁੰਚਾਉਣਾ ਤੁਹਾਡਾ ਕੰਮ ਹੋਵੇ । ਨਹੀਂ, ਸਗੋਂ ਧਰਮ ਉਸ ਜੀਵਨ ਨੂੰ ਹਾਸਲ ਕਰਨ ਲਈ ਹੈ ਜੋ ਰੱਬ ਵਿੱਚ ਹੈ ਅਤੇ ਉਹ ਜੀਵਨ ਨ ਕਿਸੇ ਨੂੰ ਹਾਸਲ ਹੋਇਆ ਹੈ ਅਤੇ ਨ ਹੀ ਭਵਿੱਖ ਵਿੱਚ ਹੋਵੇਗਾ ਸਿਵਾਏ ਉਸ ਦੇ ਕਿ ਰੱਬੀ ਗੁਣ ਮਨੁੱਖ ਅੰਦਰ ਦਾਖ਼ਲ ਹੋ ਜਾਣ । ਰੱਬ ਲਈ ਸਾਰਿਆਂ ਉਪੱਰ ਰਹਿਮ ਕਰੋ ਤਾਂ ਤੁਹਾਡੇ ਉਪੱਰ ਰਹਿਮ ਹੋਵੇ । ਆਓ ਮੈਂ ਤੁਹਾਨੂੰ ਅਜਿਹਾ ਮਾਰਗ ਸਿਖਾਉਂਦਾ ਹਾਂ ਜਿਸ ਨਾਲ ਤੁਹਾਡਾ ਨੂਰ ਸਾਰਿਆਂ ਦੇ ਨੂਰਾਂ ਉਪੱਰ ਗ਼ਾਲਬ ਰਹੇ ਅਤੇ ਉਹ ਇਹ ਹੈ ਕਿ ਤੁਸੀਂ ਸਾਰੇ ਭੌਤਕ ਕੀਨਿਆਂ, ਹਸਦਾਂ, ਸਾੜਿਆਂ ਨੂੰ ਛੱਡ ਦਿਓ ਅਤੇ ਮਾਨਵਤਾ ਦੇ ਹਮਦਰਦ ਹੋ ਜਾਓ ਅਤੇ ਰੱਬ ਵਿੱਚ ਗੁੰਮ ਹੋ ਜਾਓ ਅਤੇ ਉਸ ਨਾਲ ਉੱਤਮ ਦਰਜੇ ਦੇ ਸੰਬੰਧ ਹਾਸਲ ਕਰੋ । ਇਹੋ ਉਹ ਤਰੀਕਾ ਹੈ ਜਿਸ ਨਾਲ ਕਰਾਮਾਤਾਂ ਉਪਜਦੀਆਂ ਹਨ ਅਤੇ ਦੁਆਵਾਂ ਪਰਵਾਨ ਹੁੰਦੀਆਂ ਹਨ ਅਤੇ ਫ਼ਰਿਸ਼ਤੇ ਮਦਦ ਲਈ ਉਤਰਦੇ ਹਨ ।

ਅਲੱਾਹ ਤਆਲਾ ਸਾਨੂੰ ਸੰਜੋਗ ਪ੍ਰਦਾਨ ਕਰੇ ਕਿ ਅਸੀਂ ਆਪ ਜੀ ਦੀ ਸਿੱਖਿਆ ਅਮਲ ਕਰਦਿਆਂ ਹੋਇਆਂ ਮਾਨਵਤਾ ਨਾਲ ਹਮਦਰਦੀ ਕਰਦ ਵਾਲੇ ਹੋਈਏ, ਮਿਤੱਰਤਾ ਦੀ ਨੀਂਹ ਪਾਉਣ ਵਾਲੇ ਹੋਈਏ, 'ਤੌਹੀਦ' ਨੂੰ ਸਹੀ ਅਰਥਾਂ ਵਿੱਚ ਸਮਝਣ ਵਾਲੇ ਹੋਈਏ ਅਤੇ ਸਮਾਜ ਵਿੱਚ ਪ੍ਰੇਮ ਤੇ ਪਿਆਰ ਵਿਖੇਰਣ ਵਾਲੇ ਹੋਈਏ । ਸੰਸਾਰਕ ਇਛੱਾਵਾਂ ਨੂੰ ਵੀ ਆਪਣੇ ਉਪੱਰ ਭਾਰੂ ਨ ਹੋਣ ਦੇਈਏ ਸਗੋਂ ਰੱਬ ਦੀ ਰਜ਼ਾ ਦੀ ਭਾਲ ਵਿੱਚ ਅਸੀਂ ਹਮੇਸ਼ਾਂ ਹੀ ਲੱਗੇ ਰਹੀਏ ਅਤੇ ਇਹੋ ਸਾਡੀ ਪਹਿਲੀ ਤਰਜੀਹ ਹੋਵੇ ।

**Khulasa Khutba Jumma 18.08.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131